# ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਿਟੀ,ਪੰਜਾਬ।

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਈ-ਮੇਲ: aspdtb123@gmail.com

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.)
ਪੰਜਾਬ ।

ਮੀਮੋ ਨੰ:9/5-2013/ਸਸਅ/ਐਫਟੀਬੀ/6136
ਮਿਤੀ, ਚੰਡੀਗੜ੍ਹ : 26-03-2013

ਵਿਸ਼ਾ : ਵਿੱਦਿਅਕ ਸਾਲ 2013-14 ਲਈ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਨੂੰ ਕਿਤਾਬਾਂ ਦੀ ਵੰਡ ਸਬੰਧੀ।

ਹਵਾਲਾ : ਮੀਮੋ ਨੰ:9/5-2013/ਸਸਅ/ਐਫਟੀਬੀ/6091ਮਿਤੀ , ਚੰਡੀਗੜ੍ਹ: 25-03-2013

1.0 ਉਪਰੋਕਤ ਵਿਸ਼ੇ ਅਤੇ ਹਵਾਲੇ ਵੱਲ ਧਿਆਨ ਦੇਣ ਦੀ ਕ੍ਰਿਪਾਲਤਾ ਕਰੋ ਜੀ।

2.0 ਆਪ ਨੂੰ ਪਤਾ ਹੀ ਹੈ ਕਿ ਵਿੱਦਿਅਕ ਸਾਲ 2013-14 ਲਈ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਵਿਦਿਆਰਥੀਆਂ ਨੂੰ ਕਿਤਾਬਾਂ ਮੁਫਤ ਮੁਹੱਈਆ ਕਰਵਾਈਆਂ ਜਾਣੀਆਂ ਹਨ, ਜੋ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਛਪਵਾ ਕੇ ਬਲਾਕ ਪਧਰ ਤੇ ਪੁੱਜਦੀਆਂ ਕੀਤੀਆਂ ਜਾ ਰਹੀਆਂ ਹਨ।

3.0 ਕਈ ਵਾਰੀ ਪਿਛਲੇ ਸਮੇ ਵਿਚ ਇਹ ਵੇਖਣ ਵਿਚ ਆਇਆ ਸੀ ਕਿ ਕਈ ਸਕੂਲਾਂ ਵਿਚ ਕਿਤਾਬਾਂ ਸਹੀ ਹਾਲਤ ਵਿੱਚ ਨਹੀਂ ਪਹੁੰਚਦੀਆਂ। ਇਸ ਲਈ ਇਹ ਫੈਸਲਾ ਕੀਤਾ ਗਿਆ ਹੈ ਕਿ ਡੀ.ਆਰ.ਪੀ., ਬੀ.ਆਰ.ਪੀ. ਅਤੇ ਸਕੂਲ ਮੁਖੀ ਇਹ ਯਕੀਨੀ ਬਣਾਉਣ ਕਿ ਕਿਤਾਬਾਂ ਦੀ ਹਾਲਤ ਅਤੇ ਗਿਣਤੀ ਸਹੀ ਹੈ, ਐਡੀਸ਼ਨ ਨਵਾਂ ਹੈ ਅਤੇ ਕਿਤਾਬ ਕਿਸੇ ਪਾਸਿਓਂ ਫਟੀ ਪੁਰਾਣੀ ਨਹੀਂ ਹੈ।

4.0 ਇਸ ਲਈ ਆਪਣੇ ਅਧੀਨ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਡੀ.ਆਰ.ਪੀ., ਬੀ.ਆਰ.ਪੀ. ਅਤੇ ਸਕੂਲ ਮੁਖੀਆਂ ਨੂੰ ਸੁਚੇਤ ਕੀਤਾ ਜਾਵੇ ਕਿ ਜੇਕਰ ਕਿਸੇ ਪੱਧਰ ਤੇ ਕਿਤਾਬਾਂ ਸਬੰਧੀ ਕੋਈ ਊਣਤਾਈ ਪਾਈ ਜਾਂਦੀ ਹੈ ਤਾਂ ਇਨ੍ਹਾਂ ਕਿਤਾਬਾਂ ਨੂੰ ਵੱਖਰੀਆਂ ਕਰਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਜਿਲ੍ਹਾ ਦਫਤਰ ਨੂੰ ਵਾਪਿਸ ਕਰਕੇ ਇਸ ਦਾ ਹਿਸਾਬ ਰੱਖਿਆ ਜਾਵੇ।

5.0 ਸੋ ਕਿਤਾਬਾਂ ਪ੍ਰਾਪਤ ਕਰਨ ਵੇਲੇ ਕਿਸੇ ਵੀ ਤਰਾਂ ਦੀ ਕੁਤਾਹੀ ਲਈ ਸਬੰਧਤ ਅਧਿਕਾਰੀ/ਕਰਮਚਾਰੀ ਦੀ ਜਿੰਮੇਵਾਰੀ ਹੋਵੇਗੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ,
ਸਰਵ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ।